ਡਾ.ਨੰ 43(ਜ)
15-3-21

ਪੰਜਾਬ ਸਰਕਾਰ
ਸਿਖਿਆ ਵਿਭਾਗ
(ਸਿਖਿਆ-5 ਸ਼ਾਖਾ)
ਅਧਿਸੂਚਨਾ

**ਡਾ. ਹਰਗੋਬਿੰਦ ਖੁਰਾਣਾ ਸਕਾਲਰਸ਼ਿਪ ਸਕੀਮ ਫਾਰ ਉੱਦਮੀ ਵਿਦਿਆਰਥੀਆਂ**

ਨੰ: SED-EDU5010/02/2020-3EDU5/ 21054/1 ਮਿਤੀ, ਚੰਡੀਗੜ੍ਹ: 12-03-2021

ਮੰਤਰੀ ਪ੍ਰੀਸ਼ਦ, ਪੰਜਾਬ ਵੱਲੋਂ ਮਿਤੀ 04.03.2021 ਨੂੰ ਹੋਈ ਮੀਟਿੰਗ ਵਿੱਚ "Dr. Hargobind Khurana Scholarship Scheme for Brilliant Students" ਵਿੱਚ ਕੁੱਝ ਸੋਧਾਂ ਪ੍ਰਵਾਨ ਕੀਤੀਆਂ ਗਈਆਂ ਹਨ, ਜੋ ਕਿ ਹੇਠ ਅਨੁਸਾਰ ਹਨ।

ੳ) ਇਸ ਸਕੀਮ ਅਧੀਨ ਕੇਵਲ ਰਾਜ ਦੇ ਸਰਕਾਰੀ ਸਕੂਲਾਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਏ ਜਾ ਰਹੇ ਆਦਰਸ਼ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀ, ਜੋ ਆਪਣੀ ਮੈਟ੍ਰਿਕ ਦੀ ਪ੍ਰੀਖਿਆ ਵਿੱਚ 90% ਜਾਂ 90% ਤੋਂ ਵੱਧ ਅੰਕ ਪ੍ਰਾਪਤ ਕਰਦੇ ਹਨ, ਨੂੰ 3000/- ਰੁਪਏ ਪ੍ਰਤੀ ਮਹੀਨਾਂ ਦੇ ਹਿਸਾਬ ਨਾਲ ਉਨ੍ਹਾਂ ਦੀ ਸੀਨੀਅਰ ਸੈਕੰਡਰੀ ਦੀ 11ਵੀਂ ਅਤੇ 12ਵੀਂ ਕਲਾਸ ਦੀ ਪੜ੍ਹਾਈ ਲਈ ਸਕਾਲਰਸ਼ਿਪ ਪ੍ਰਦਾਨ ਕੀਤੀ ਜਾਵੇਗੀ।

ਅ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਏ ਜਾ ਰਹੇ ਆਦਰਸ਼ ਸਕੂਲਾਂ ਦੇ ਵਿਦਿਆਰਥੀਆਂ ਨੂੰ ਬੋਰਡ ਵੱਲੋਂ ਆਪਣੇ ਫੰਡਾਂ ਵਿੱਚੋਂ ਸਕਾਲਰਸ਼ਿਪ ਪ੍ਰਦਾਨ ਕਰਵਾਈ ਜਾਵੇਗੀ। ਇਸ ਸਬੰਧੀ ਹਰ ਸਾਲ ਬੋਰਡ ਵੱਲੋਂ ਕਾਰਵਾਈ ਰਿਪੋਰਟ ਸਰਕਾਰ ਨੂੰ ਭੇਜੀ ਜਾਇਆ ਕਰੇਗੀ।

ੲ) ਸਿੱਖਿਆ ਵਿਭਾਗ ਵੱਲੋਂ ਆਪਣੇ ਪੱਤਰ ਨੰ. 10/01/2013-4ਸਿੱ5/3271 ਮਿਤੀ 23.08.2013 ਰਾਹੀਂ ਦਿੱਤੀਆਂ ਬਾਕੀ ਸ਼ਰਤਾਂ ਉਸੇ ਤਰ੍ਹਾਂ ਹੀ ਰਹਿਣਗੀਆਂ।

ਮਿਤੀ, ਚੰਡੀਗੜ੍ਹ:
12-03-2021

ਕ੍ਰਿਸ਼ਨ ਕੁਮਾਰ, ਆਈ.ਏ.ਐੱਸ.
ਸਕੱਤਰ ਸਕੂਲ ਸਿੱਖਿਆ ਵਿਭਾਗ

ਪਿ.ਅੰ.ਨੰ: SED-EDU5010/02/2020-3EDU5/ ਮਿਤੀ, ਚੰਡੀਗੜ੍ਹ:

ਇਸ ਦਾ ਇੱਕ ਉਤਾਰਾ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ, ਪੰਜਾਬ (ਮੋਹਾਲੀ) ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ Extra-Ordinary Gazette ਵਿੱਚ ਛਾਪਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਅਧਿਸੂਚਨਾ ਦੀਆਂ 25 ਕਾਪੀਆਂ ਇਸ ਵਿਭਾਗ ਦੀ ਵਰਤੋਂ ਲਈ ਭੇਜੀਆਂ ਜਾਣ।

-ਸਹੀ-
ਅਧੀਨ ਸਕੱਤਰ ਸਕੂਲ ਸਿੱਖਿਆ

O/o DGSE CUM SPD
Sarva Shiksha Abhiyan Authority (Pb.)
Central Dairy
No. 615222 Date 12/3/21

Scanned by CamScanner

ਪਿ.ਅੰ.ਨੰ: SED-EDU5010/02/2020-3EDU5/ 21054/2 ਮਿਤੀ, ਚੰਡੀਗੜ੍ਹ: 12-03-2021

ਇਸ ਦਾ ਇੱਕ ਉਤਾਰਾ ਨਿਮਨ ਲਿੱਖਿਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਕਰਦੇ ਹੋਏ ਲਿੱਖਿਆ ਜਾਂਦਾ ਹੈ ਕਿ ਉਕਤ ਅਧਿਸੂਚਨਾ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ (ਵਜੀਫਾ ਸ਼ਾਖਾ)।
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ।
3. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ. ਨਗਰ।

ਅਧੀਨ ਸਕੱਤਰ ਸਕੂਲ ਸਿੱਖਿਆ

ਪਿ.ਅੰ.ਨੰ: SED-EDU5010/02/2020-3EDU5/ ਮਿਤੀ, ਚੰਡੀਗੜ੍ਹ:

ਇਸ ਦਾ ਇੱਕ ਉਤਾਰਾ ਸੁਪਰਡੰਟ, ਮੰਤਰੀ ਮੰਡਲ ਮਾਮਲੇ ਸ਼ਾਖਾ ਨੂੰ ਉਨ੍ਹਾਂ ਦੇ ਅੰ.ਵਿ.ਪੱ.ਨੰ. 1/63/2021-1ਕੈਬਨਿਟ/2292 ਮਿਤੀ 04.03.2021 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਅਧੀਨ ਸਕੱਤਰ ਸਕੂਲ ਸਿੱਖਿਆ

ਪਿ.ਅੰ.ਨੰ: SED-EDU5010/02/2020-3EDU5/ ਮਿਤੀ, ਚੰਡੀਗੜ੍ਹ:

ਉਪਰੋਕਤ ਦਾ ਉਤਾਰਾ ਨਿਮਨ ਲਿੱਖਿਤ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1. ਨਿ.ਸ./ ਮਾਨਯੋਗ ਮੁੱਖ ਮੰਤਰੀ, ਪੰਜਾਬ।
2. ਨਿ.ਸ./ ਸਿੱਖਿਆ ਮੰਤਰੀ ਜੀ, ਪੰਜਾਬ।

ਸਹੀ/-
ਅਧੀਨ ਸਕੱਤਰ ਸਕੂਲ ਸਿੱਖਿਆ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ), ਪਟਿਆਲਾ

ਪਿੱਠ ਅੰਕਣ ਨੰ: ਸੀ-5/ਪ/2021/436 ਮਿਤੀ 8-6-2021

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ)
ਪਟਿਆਲਾ
8/6/21

Scanned by CamScanner